# ਪ੍ਰਧਾਨ ਮੰਤਰੀ ਦੁਆਰਾ ਫਰਾਂਸ ਅਤੇ ਯੂਏਈ ਦੀ ਫੇਰੀ (13-15 ਜੁਲਾਈ, 2023)

12 ਜੁਲਾਈ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 13-15 ਜੁਲਾਈ 2023 ਤੱਕ ਫਰਾਂਸ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਦਾ ਸਰਕਾਰੀ ਦੌਰਾ ਕਰਨਗੇ।

ਪ੍ਰਧਾਨ ਮੰਤਰੀ, ਫਰਾਂਸ ਦੇ ਰਾਸ਼ਟਰਪਤੀ ਮਾਣਯੋਗ ਮਿਸਟਰ ਇਮੈਨੁਅਲ ਮੈਕਰੋਨ ਦੇ ਸੱਦੇ 'ਤੇ 13-14 ਜੁਲਾਈ 2023 ਤੱਕ ਪੈਰਿਸ ਦਾ ਦੌਰਾ ਕਰਨਗੇ। ਪ੍ਰਧਾਨ ਮੰਤਰੀ 14 ਜੁਲਾਈ 2023 ਨੂੰ ਬੈਸਟੀਲ ਦਿਵਸ ਪਰੇਡ ਵਿੱਚ ਸਨਮਾਨਤ ਮਹਿਮਾਨ ਹੋਣਗੇ, ਜਿੱਥੇ ਕਿ ਤਿੰਨੋ ਭਾਰਤੀ ਸੇਵਾਵਾਂ ਦੇ ਹਥਿਆਰਬੰਦ ਬਲਾਂ ਦੀ ਟੁਕੜੀ ਭਾਗ ਲਵੇਗੀ।

ਪ੍ਰਧਾਨ ਮੰਤਰੀ ਰਾਸ਼ਟਰਪਤੀ ਮੈਕਰੋਨ ਨਾਲ ਰਸਮੀ ਗੱਲਬਾਤ ਕਰਨਗੇ। ਰਾਸ਼ਟਰਪਤੀ ਮੈਕਰੌਨ ਪ੍ਰਧਾਨ ਮੰਤਰੀ ਦੇ ਸਨਮਾਨ ਵਿੱਚ ਇੱਕ ਸਰਕਾਰੀ ਦਾਅਵਤ ਸਮੇਤ ਰਾਤ ਦੇ ਨਿੱਜੀ ਭੋਜ ਦੀ ਮੇਜ਼ਬਾਨੀ ਵੀ ਕਰਨਗੇ।

ਪ੍ਰਧਾਨ ਮੰਤਰੀ, ਫਰਾਂਸ ਦੀ ਪ੍ਰਧਾਨ ਮੰਤਰੀ ਦੇ ਨਾਲ-ਨਾਲ ਸੈਨੇਟ ਦੇ ਅਤੇ ਫਰਾਂਸ ਦੀ ਨੈਸ਼ਨਲ ਅਸੈਂਬਲੀ ਦੇ ਪ੍ਰਧਾਨਾਂ ਨਾਲ ਵੀ ਮੁਲਾਕਾਤ ਕਰਨ ਵਾਲੇ ਹਨ। ਉਹ ਫਰਾਂਸ ਵਿੱਚ ਵੱਖਰੇ ਤੌਰ 'ਤੇ ਭਾਰਤੀ ਡਾਇਸਪੋਰਾ, ਭਾਰਤੀ ਅਤੇ ਫਰਾਂਸੀਸੀ ਕੰਪਨੀਆਂ ਦੇ ਸੀਈਓਜ਼ ਅਤੇ ਪ੍ਰਮੁੱਖ ਫਰਾਂਸੀਸੀ ਹਸਤੀਆਂ ਨਾਲ  ਗੱਲਬਾਤ ਕਰਨਗੇ।

ਇਸ ਸਾਲ ਭਾਰਤ-ਫਰਾਂਸ ਰਣਨੀਤਕ ਭਾਈਵਾਲੀ ਦੀ 25ਵੀਂ ਵਰ੍ਹੇਗੰਢ ਮਨਾ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਦਾ ਇਹ ਦੌਰਾ ਰਣਨੀਤਕ, ਸੱਭਿਆਚਾਰਕ, ਵਿਗਿਆਨਕ, ਅਕਾਦਮਿਕ ਅਤੇ ਆਰਥਿਕ ਸਹਿਯੋਗ ਵਰਗੇ ਵਿਭਿੰਨ ਖੇਤਰਾਂ ਵਿੱਚ ਭਵਿੱਖ ਲਈ ਭਾਈਵਾਲੀ ਦੇ ਕਾਰਜਕ੍ਰਮ ਨੂੰ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕਰੇਗਾ।

ਪ੍ਰਧਾਨ ਮੰਤਰੀ ਇਸ ਤੋਂ ਬਾਅਦ 15 ਜੁਲਾਈ ਨੂੰ ਅਬੂ ਧਾਬੀ ਦਾ ਦੌਰਾ ਕਰਨਗੇ। ਪ੍ਰਧਾਨ ਮੰਤਰੀ ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਅਤੇ ਅਬੂ ਧਾਬੀ ਦੇ ਸ਼ਾਸਕ ਐੱਚਐੱਚ ਸ਼ੇਖ ਮੁਹੰਮਦ ਬਿਨ ਜਾਏਦ ਅਲ ਨਾਹਯਾਨ ਨਾਲ ਮੁਲਾਕਾਤ ਕਰਨਗੇ। ਭਾਰਤ-ਯੂਏਈ ਵਿਆਪਕ ਰਣਨੀਤਕ ਭਾਈਵਾਲੀ ਲਗਾਤਾਰ ਮਜ਼ਬੂਤ ਹੋ ਰਹੀ ਹੈ ਅਤੇ ਪ੍ਰਧਾਨ ਮੰਤਰੀ ਦਾ ਦੌਰਾ ਊਰਜਾ, ਸਿੱਖਿਆ, ਸਿਹਤ ਸੰਭਾਲ, ਭੋਜਨ ਸੁਰੱਖਿਆ, ਫਿਨਟੈਕ, ਰੱਖਿਆ ਅਤੇ ਸੱਭਿਆਚਾਰ ਵਰਗੇ ਵੱਖ-ਵੱਖ ਖੇਤਰਾਂ ਵਿੱਚ, ਸਹਿਯੋਗ ਨੂੰ ਅੱਗੇ ਵਧਾਉਣ ਦੇ ਤਰੀਕਿਆਂ ਦੀ ਪਛਾਣ ਕਰਨ ਦਾ ਇੱਕ ਮੌਕਾ ਪ੍ਰਦਾਨ ਕਰੇਗਾ। ਇਹ ਵਿਸ਼ਵਵਿਆਪੀ ਮੁੱਦਿਆਂ 'ਤੇ ਸਹਿਯੋਗ ਬਾਰੇ ਚਰਚਾ ਕਰਨ ਦਾ ਮੌਕਾ ਵੀ ਹੋਵੇਗਾ, ਖਾਸ ਤੌਰ 'ਤੇ ਯੂਐੱਨਐੱਫਸੀਸੀਸੀ ਦੇ ਸੀਓਪੀ-28 ਦੀ ਯੂਏਈ ਦੀ ਪ੍ਰਧਾਨਗੀ ਅਤੇ ਭਾਰਤ ਦੀ ਜੀ-20 ਪ੍ਰਧਾਨਗੀ ਦੇ ਸੰਦਰਭ ਵਿੱਚ ਜਿਸ ਵਿੱਚ ਯੂਏਈ ਇੱਕ ਵਿਸ਼ੇਸ਼ ਸੱਦੇ ਵਾਲਾ ਮੈਂਬਰ ਹੈ।

**ਨਵੀਂ ਦਿੱਲੀ**
**12 ਜੁਲਾਈ, 2023**